ਅੱਗ ਤੋਂ ਸੁਰੱਖਿਆ ਲਈ ਸੁਝਾਅ

# ਲਿਥਿਅਮ-ਆਇਨ ਬੈਟਰੀਆਂ




ਲਿਥਿਅਮ-ਆਇਨ ਬੈਟਰੀਆਂ ਦੀ ਵਰਤੋਂ ਕਈ ਤਰ੍ਹਾਂ ਦੀਆਂ ਡਿਵਾਈਸਾਂ ਨੂੰ ਪਾਵਰ ਦੇਣ ਲਈ ਕੀਤੀ ਜਾਂਦੀ ਹੈ। ਇਹਨਾਂ ਵਿੱਚੋਂ ਕੁਝ ਵਿੱਚ ਸ਼ਾਮਲ ਹਨ: ਸਮਾਰਟਫੋਨ, ਲੈਪਟੌਪ, ਸਕੂਟਰ, ਈ-ਸਿਗਰੇਟਾਂ, ਧੂੰਏਂ ਦੇ ਅਲਾਰਮ ਅਤੇ ਖਿਡੌਣੇ।

ਇਹਨਾਂ ਬੈਟਰੀਆਂ ਦੀ ਸੰਭਾਲ ਸਾਵਧਾਨੀ ਨਾਲ ਕੀਤੀ ਜਾਣੀ ਲਾਜ਼ਮੀ ਹੈ, ਕਿਉਂਕਿ ਇਹਨਾਂ ਨਾਲ ਅੱਗ ਲੱਗ ਸਕਦੀ ਹੈ ਜਾਂ ਵਿਸਫੋਟ ਹੋ ਸਕਦਾ ਹੈ, ਹਾਲਾਂਕਿ ਅਜਿਹਾ ਬਹੁਤ ਘੱਟ ਹੁੰਦਾ ਹੈ।

ਸੁਰੱਖਿਅਤ ਰੂਪ ਨਾਲ ਚਾਰਜ ਕਰਨ ਲਈ ਸੁਝਾਅ

- ਹਮੇਸ਼ਾ ਨਿਰਮਾਤਾ ਵੱਲੋਂ ਦਿੱਤੀ ਬੈਟਰੀ ਅਤੇ ਚਾਰਜਿੰਗ ਤਾਰ ਵਰਤੋ। ਤੀਜੀ ਧਿਰ ਦੀਆਂ ਡਿਵਾਈਸਾਂ ਨਾ ਵਰਤੋ।
- ਬੈਟਰੀਆਂ ਨੂੰ 0°C ਤੋਂ ਘੱਟ ਜਾਂ 40°C ਤੋਂ ਵੱਧ ਤਾਪਮਾਨ ਤੇ ਚਾਰਜ ਨਾ ਕਰੋ।
- ਆਪਣੇ ਸਿਰ੍ਹਾਣੇ ਦੇ ਹੇਠਾਂ, ਆਪਣੇ ਬਿਸਤਰੇ ਤੇ ਜਾਂ ਕਾਊਚ ਤੇ ਡਿਵਾਈਸ ਚਾਰਜ ਨਾ ਕਰੋ।
- ਡਿਵਾਈਸ ਨੂੰ ਬਹੁਤ ਜ਼ਿਆਦਾ ਚਾਰਜ ਕਰਨ ਤੋਂ ਬਚੋ।

ਹਮੇਸ਼ਾ ਨਿਰਮਾਤਾ ਦੇ ਨਿਰਦੇਸ਼ਾਂ ਦੀ ਪਾਲਣਾ ਕਰੋ।

ਸੁਰੱਖਿਅਤ ਸਟੋਰੇਜ:

- ਲਿਥਿਅਮ-ਆਇਨ ਬੈਟਰੀਆਂ ਨੂੰ ਸਧਾਰਨ ਤਾਪਮਾਨ ਤੇ ਰੱਖੋ।
- ਲਿਥਿਅਮ-ਆਇਨ ਬੈਟਰੀਆਂ ਨੂੰ ਧੁੱਪ ਜਾਂ ਗਰਮ ਵਾਹਨਾਂ ਵਿੱਚ ਨਹੀਂ ਰੱਖਣਾ ਚਾਹੀਦਾ।
- ਲਿਥਿਅਮ-ਆਇਨ ਬੈਟਰੀਆਂ ਨੂੰ ਕਿਸੇ ਵੀ ਉਸ ਚੀਜ਼ ਤੋਂ ਦੂਰ ਸਟੋਰ ਕਰੋ, ਜਿਹਨਾਂ ਨੂੰ ਅੱਗ ਲੱਗ ਸਕਦੀ ਹੈ।

UL
ETL Intertek
SA

ਉਹੀ ਡਿਵਾਈਸਾਂ ਖਰੀਦੋ ਅਤੇ ਵਰਤੋ, ਜਿਹਨਾਂ ਨੂੰ ਸਰਟੀਫਾਇਡ ਕੈਨੇਡਿਅਨ ਟੈਸਟਿੰਗ ਲੈਬੋਰੇਟਰੀ ਤੋਂ ਪ੍ਰਵਾਨਗੀ ਮਿਲੀ ਹੋਈ ਹੈ।

ਲਿਥਿਅਮ-ਆਇਨ ਬੈਟਰੀਆਂ ਨੂੰ ਕੂੜੇ ਵਿੱਚ ਨਾ ਪਾਓ। ਉਹਨਾਂ ਨੂੰ Battleford Community Recycling Centre ਜਾਂ Fewster Community Recycling Centre ਵਿਖੇ ਰੀਸਾਇਕਲ ਕੀਤਾ ਜਾ ਸਕਦਾ ਹੈ।

ਲਿਥਿਅਮ-ਆਇਨ ਬੈਟਰੀ ਨੂੰ ਤਦ ਵਰਤਣਾ ਬੰਦ ਕਰੋ ਅਤੇ 9-1-1 ਤੇ ਫੋਨ ਕਰੋ, ਜੇਕਰ ਇਹ ਇਹਨਾਂ ਸਮੱਸਿਆ ਚਿੰਨ੍ਹਾਂ ਨੂੰ ਦਰਸਾ ਰਹੀ ਹੋਵੇ: ਗੰਧ, ਰੰਗ ਵਿੱਚ ਬਦਲਾਅ, ਬਹੁਤ ਜ਼ਿਆਦਾ ਗਰਮ ਹੋਣਾ, ਅਕਾਰ ਬਦਲਣਾ, ਰਿਸਾਅ ਹੋਣਾ, ਅਜੀਬ ਸ਼ੋਰ।

**Mississauga Fire & Emergency Services**

**ਸਵਾਲ ਹਨ? ਸਾਨੂੰ ਸੰਪਰਕ ਕਰੋ:**

Mississauga Fire & Emergency Services
Fire Prevention Division
905.896.5908
**mississauga.ca/fire**
fire.prevention@mississauga.ca